


# ਸ਼ਹੀਦ ਭਗਤ ਸਿੰਘ ਨਗਰ ਅਜੀਤ


ਅਜੀਤ, ਜਲੰਧਰ

ਸੋਮਵਾਰ, 9 ਦਸੰਬਰ 2024






## ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ



**ਰੇਡੀਓ**

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ **9 ਦਸੰਬਰ** ਨੂੰ ਸ਼ਾਮ 4.00 ਤੋਂ 6.00 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਅਤੇ **10 ਦਸੰਬਰ** ਨੂੰ ਸਵੇਰੇ 4.00 ਤੋਂ 6.00 ਵਜੇ ਤੱਕ **ਭਾਈ ਦਵਿੰਦਰ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

**ਪੀ. ਟੀ. ਸੀ.**

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 9 **ਦਸੰਬਰ** ਨੂੰ ਸ਼ਾਮ 4.30 ਤੋਂ 6.30 ਵਜੇ ਤੱਕ **ਭਾਈ ਸ਼ੌਕੀਨ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਸਾਹਿਬ ਸਿੰਘ** ਤੇ **10 ਦਸੰਬਰ** ਨੂੰ ਸਵੇਰੇ 4.00 ਵਜੇ ਤੋਂ 7.45 ਵਜੇ ਤੱਕ **ਭਾਈ ਦਵਿੰਦਰ ਸਿੰਘ** ਅਤੇ **ਭਾਈ ਗੁਰਸੇਵਕ ਸਿੰਘ** ਕੀਰਤਨ ਕਰਨਗੇ।

**ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 4.00 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 5.30 ਵਜੇ ਤੋਂ 7.30 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।**

ਮੁੱਖ ਵਾਕ ਦੀ ਕਥਾ : 9 ਦਸੰਬਰ ਨੂੰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ 10 ਦਸੰਬਰ ਨੂੰ ਗਿਆਨੀ ਗੁਰਲਾਲ ਸਿੰਘ ਮੀਰਾਂਕੋਟ, ਗੁ: ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।



ਸੀ. ਐਚ. ਸੀ ਸੜੋਆ ਵਿਖੇ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ ਐਸ. ਐਮ. ਓ ਡਾਕਟਰ ਗੁਰਿੰਦਰਜੀਤ ਸਿੰਘ। ਤਸਵੀਰ : ਸਹੂੰਗੜਾ



ਸਬ ਸੈਂਟਰ ਸਹੂੰਗੜਾ 'ਚ ਸਰਪੰਚ ਹਰਭਜਨ ਸਿੰਘ ਤੇ ਹੋਰ ਸਟਾਫ਼ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ। ਤਸਵੀਰ : ਸਹੂੰਗੜਾ



ਪਿੰਡ ਗੁਣਾਚੌਰ ਦੇ ਸਰਪੰਚ ਤਲਵਿੰਦਰ ਸਿੰਘ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ। ਤਸਵੀਰ : ਅਮਰੀਕ ਕਟਾਰੀਆ



ਨੈਸ਼ਨਲ ਪਲਸ ਪੋਲੀਓ ਮੁਹਿੰਮ ਤਹਿਤ ਪਿੰਡ ਬੜਵਾ ਵਿਖੇ 0 ਤੋਂ 5 ਸਾਲ ਤੱਕ ਦੇ ਬੱਚਿਆਂ ਨੂੰ ਸਿਹਤ ਅਧਿਕਾਰੀ ਸ੍ਰੀ ਘਨਸ਼ਾਮ, ਬਲਵਿੰਦਰ ਕੌਰ ਆਂਗਣਵਾੜੀ ਵਰਕਰ ਅਤੇ ਆਸ਼ਾ ਵਰਕਰ ਬਲਜੀਤ ਕੌਰ ਵੱਲੋਂ ਪੋਲੀਓ ਰੋਧਕ ਬੂੰਦਾਂ ਪਿਲਾਈਆਂ ਗਈਆਂ। ਤਸਵੀਰ : ਦੀਦਾਰ ਸਿੰਘ ਸ਼ੇਤਰਾ



ਪਲਸ ਪੋਲੀਓ ਮੁਹਿੰਮ ਤਹਿਤ ਰਹਿਪਾ ਵਿਖੇ ਜ਼ੀਰੋ ਤੋਂ ਪੰਜ ਸਾਲ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਆਸ਼ਾ ਵਰਕਰ ਰਜਨੀ ਬਾਲਾ ਅਤੇ ਰੇਖਾ ਆਂਗਣਵਾੜੀ ਵਰਕਰ। ਤਸਵੀਰ : ਅਮਰੀਕ ਸਿੰਘ ਢੀਂਡਸਾ



ਪੋਲੀਓ ਰੋਕੋ ਮੁਹਿੰਮ ਤਹਿਤ ਬੱਚਿਆਂ ਨੂੰ ਰਾਹੋਂ ਰੋਡ ਖ਼ੂਨਦਾਨ ਭਵਨ ਦੇ ਬਾਹਰ ਪੋਲੀਓ ਰੋਕੂ ਬੂੰਦਾਂ ਪਿਲਾਉਂਦਾ ਹੋਇਆ ਸਿਹਤ ਵਿਭਾਗ ਦਾ ਸਟਾਫ਼। ਤਸਵੀਰ : ਹਰਮਿੰਦਰ ਸਿੰਘ ਪਿੰਟੂ



ਜੇ. ਐਸ. ਐਫ. ਐਚ ਖ਼ਾਲਸਾ ਸਕੂਲ ਨਵਾਂਸ਼ਹਿਰ ਵਿਖੇ ਪਲਸ ਪੋਲੀਓ ਮੁਹਿੰਮ ਤਹਿਤ ਛੋਟੇ ਬੱਚਿਆਂ ਜਪ ਕੌਰ ਅਤੇ ਜੈਵੀਰ ਸਿੰਘ ਬਾਹੜਾ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ ਸਿਹਤ ਵਿਭਾਗ ਦੇ ਅਧਿਕਾਰੀ। ਤਸਵੀਰ : ਹਰਮਿੰਦਰ ਸਿੰਘ ਪਿੰਟੂ



ਭੱਠਾ ਮਜ਼ਦੂਰਾਂ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਣ ਸਮੇਂ ਐਸ.ਐਮ.ਓ ਡਾਕਟਰ ਜਤਿੰਦਰ ਸਿੰਘ ਅਤੇ ਹੋਰ ਸਿਹਤ ਅਮਲਾ।



ਸਿਹਤ ਵਿਭਾਗ ਵਲੋਂ ਰੇਲਵੇ ਸ਼ਟੇਸ਼ਨ ਬਹਿਰਾਮ ਵਿਖੇ 0 ਤੋਂ 5 ਸਾਲ ਉਮਰ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ ਆਂਗਣਵਾੜੀ ਵਰਕਰ ਹਰਿੰਦਰ ਕੌਰ, ਆਸ਼ਾ ਵਰਕਰ ਆਸ਼ੂ ਪੁਰੀ, ਸੰਦੀਪ ਕੌਰ ਨਾਲ ਪੁਸ਼ਪਾ ਦੇਵੀ, ਮਨਪ੍ਰੀਤ ਕੌਰ ਅਤੇ ਹੋਰ। ਤਸਵੀਰ : ਨਛੱਤਰ ਸਿੰਘ ਬਹਿਰਾਮ



ਆਂਗਣਵਾੜੀ ਸੈਂਟਰ ਬਹਿਰਾਮ ਵਿਖੇ 0-5 ਸਾਲ ਉਮਰ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ ਸੁਪਰਵਾਈਜ਼ਰ ਰਾਜ ਕੁਮਾਰ, ਆਂਗਣਵਾੜੀ ਵਰਕਰ ਕਮਲਜੀਤ ਕੌਰ, ਦਲਜੀਤ ਕੌਰ, ਏ.ਐਨ ਐਮ ਅਵਤਾਰ ਕੌਰ, ਕਮਲਜੀਤ ਕੌਰ, ਸੋਨੀਆ ਅਤੇ ਹੋਰ। ਤਸਵੀਰ : ਨਛੱਤਰ ਸਿੰਘ ਬਹਿਰਾਮ



ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਬੰਗਾ ਦੇ ਐਸ. ਐਮ. ਓ ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬੰਗਾ ਵਿਖੇ ਵੱਖ-ਵੱਖ ਮੁਹੱਲਿਆਂ 'ਚ ਪਲਸ ਪੋਲੀਓ ਮੁਹਿੰਮ ਦੇ ਕੈਂਪ ਲਗਾਏ ਗਏ। ਜਿਸ 'ਚ ਬੰਗਾ ਦੇ ਬੱਸ ਅੱਡੇ ਦੇ ਸਾਹਮਣੇ ਪੋਲੀਓ ਕੈਂਪ ਦੌਰਾਨ ਬੱਚਿਆਂ ਨੂੰ ਬੂੰਦਾਂ ਪਿਲਾਉਂਦੇ ਹੋਏ ਡਾ: ਮੇਜਰ ਸਿੰਘ, ਗੁਰਜੀਤ ਕੌਰ, ਹਰਕੀਰਤ ਕੌਰ, ਰਮਨਦੀਪ ਕੌਰ, ਰਮਨ, ਮਨਸੀਰਤ ਕੌਰ ਆਦਿ। ਤਸਵੀਰ : ਕੁਲਦੀਪ ਸਿੰਘ ਪਾਬਲਾ



ਸਬ ਸੈਂਟਰ ਜੱਸੋਮਜਾਰਾ ਵਿਖੇ ਸਿਹਤ ਵਿਭਾਗ ਵਲੋਂ 0-5 ਸਾਲ ਉਮਰ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ ਏ.ਐਨ.ਐਮ ਹਰਵਿੰਦਰ ਕੌਰ ਡਿੰਪਲ, ਸੀ.ਐਚ.ਓ ਗੀਨਾ ਬਾਲੂ, ਏ. ਐਫ ਅਨੀਤਾ ਰਾਣੀ, ਆਸ਼ਾ ਵਰਕਰ ਕਾਮਨੀ ਦੇਵੀ, ਆਂਗਣਵਾੜੀ ਹੈਲਪਰ ਕੁਲਵਿੰਦਰ ਕੌਰ ਅਤੇ ਹੋਰ। ਤਸਵੀਰ : ਨਛੱਤਰ ਸਿੰਘ ਬਹਿਰਾਮ



ਪਲਸ ਪੋਲੀਓ ਮੁਹਿੰਮ ਤਹਿਤ ਸਬ ਹੈਲਥ ਸੈਂਟਰ ਸਲੋਹ ਵਿਖੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ ਏ. ਐਨ. ਐਮ ਨੀਨਾ ਸ਼ਰਮਾ ਅਤੇ ਹੋਰ। ਤਸਵੀਰ : ਹਰਮਿੰਦਰ ਸਿੰਘ ਪਿੰਟੂ



ਪਲਸ ਪੋਲੀਓ ਮੁਹਿੰਮ ਤਹਿਤ 0 ਤੋਂ 5 ਸਾਲ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਉਂਦੇ ਹੋਏ ਏ. ਐਨ. ਐਮ ਨੀਨਾ ਸ਼ਰਮਾ, ਏ. ਐਨ. ਐਮ ਦਲਜੀਤ ਕੌਰ, ਗੁਰਦੇਵ ਸਿੰਘ, ਹਰਜੀਤ ਕੌਰ, ਅਮਰਜੀਤ ਕੌਰ, ਰਾਜ ਰਾਣੀ ਆਦਿ। ਤਸਵੀਰ : ਹਰਮਿੰਦਰ ਸਿੰਘ ਪਿੰਟੂ

# ਕੋਈ ਵੀ ਬੱਚਾ ਪੋਲੀਓ ਰੋਕੂ ਦਵਾਈ ਤੋਂ ਵਾਂਝਾ ਨਾ ਰਹੇ- ਸਿਵਲ ਸਰਜਨ

(ਸਫਾ 5 ਦੀ ਬਾਕੀ)

### ਸਿਹਤ ਵਿਭਾਗ ਮੁਕੰਦਪੁਰ ਦੀ ਟੀਮਾਂ ਵਲੋਂ 5 ਸਾਲ ਤੱਕ ਦੇ ਬੱਚਿਆਂ ਨੂੰ ਜ਼ਿੰਦਗੀ ਦੀਆਂ ਦੋ ਬੂੰਦਾਂ ਪਿਲਾਈਆਂ

ਮੁਕੰਦਪੁਰ, 8 ਦਸੰਬਰ (ਅਮਰੀਕ ਸਿੰਘ ਢੀਂਡਸਾ) - ਨੈਸ਼ਨਲ ਪਲਸ ਪੋਲੀਓ ਪ੍ਰੋਗਰਾਮ ਦੌਰਾਨ ਪੋਲੀਓ ਦੀ ਬਿਮਾਰੀ ਨੂੰ ਜੜੋਂ ਖਤਮ ਕਰਨ ਲਈ ਸਰਕਾਰੀ ਹਸਪਤਾਲ ਮੁਕੰਦਪੁਰ ਦੀਆਂ ਟੀਮਾਂ ਵੱਲੋਂ ਪਹਿਲੇ ਦਿਨ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਦੀਆਂ ਬੂੰਦਾ ਪਿਲਾਈਆਂ। ਇਸ ਮੁਹਿੰਮ 'ਚ 14 ਸੁਪਰਵਾਈਜਰ ਦੀ ਦੇਖ ਰੇਖ ਹੇਠ 88 ਰੈਗੂਲਰ ਟੀਮਾਂ, 4 ਮੋਬਾਈਲ ਟੀਮ, 2 ਟਰਾਂਜ਼ਿਟ ਟੀਮ, 192 ਵੈਕਸਿਨੇਟਰ ਨੇ ਬਲਾਕ ਮੁਕੰਦਪੁਰ ਦੇ ਵੱਖ-ਵੱਖ ਬੂਥਾਂ 'ਚ ਜ਼ਿੰਦਗੀ ਦੀ ਦੋ ਬੂੰਦਾਂ ਪਿਲਾਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ. ਐਮ. ਓ ਡਾ. ਜਤਿੰਦਰ ਸਿੰਘ ਨੇ ਦੱਸਿਆ ਕਿ 9 ਦਸੰਬਰ ਅਤੇ 10ਦਸੰਬਰ ਨੂੰ ਵੀ ਸਿਹਤ ਕਰਮਚਾਰੀਆਂ ਵੱਲੋਂ ਘਰ-ਘਰ ਜਾਕੇ ਬਾਕੀ ਰਹਿੰਦੇ ਬੱਚੇ, ਡੇਰਿਆਂ, ਝੁੱਗੀਆਂ ਅਤੇ ਭੱਠੇ ਆਦਿ 'ਤੇ ਰਹਿੰਦੀ ਲੇਬਰ ਦੇ ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਦੀਆਂ ਬੂੰਦਾਂ ਪਿਆਈਆਂ ਜਾਣਗੀਆਂ। ਕਮਿਊਨਿਟੀ ਸਿਹਤ ਵਿਭਾਗ ਮੁਕੰਦਪੁਰ ਅਧੀਨ ਆਉਂਦੇ ਪਿੰਡਾਂ ਦੇ ਬੱਚਿਆਂ ਨੂੰ ਇਹ ਬੂੰਦਾਂ ਪਿਲਾਉਣ ਲਈ ਸਿਹਤ ਕਰਮਚਾਰੀ ਦੀਆਂ ਟੀਮਾਂ ਅਗਲੇ ਦੋ ਦਿਨ ਵੀ ਪੋਲਿਓ ਦੀਆਂ ਬੂੰਦਾਂ ਪਿਲਾਉਣਗੀਆਂ। ਇਸ ਕੰਮਪੇਨ ਦੇ ਪਹਿਲੇ ਦਿਨ 64 ਫੀਸਦੀ ਤੋਂ ਵੱਧ ਬੱਚਿਆਂ ਨੂੰ ਬੂੰਦਾਂ ਪਿਆਈਆਂ ਗਈਆਂ। ਇਸ ਮੌਕੇ ਹਰਪ੍ਰੀਤ ਸਿੰਘ ਬਲਾਕ ਐਕਸਟੈਨਸ਼ਨ ਐਜੂਕੈਟਰ, ਸੁਪਰਵਾਈਜਰ ਬਲਵੰਤ ਰਾਮ, ਡਾ. ਸੁਨੀਤਾ ਰਾਣੀ, ਡਾ. ਹਰਜਿੰਦਰ ਕੌਰ, ਡਾ. ਬਲਕਾਰ ਸਿੰਘ ਕਜਲਾ, ਡਾ. ਬਲਵਿੰਦਰ ਸਿੰਘ, ਡਾ. ਸੋਨੀਆ ਪੌਲ, ਐਲ. ਐਚ. ਵੀ ਚਰਨਜੀਤ ਕੌਰ, ਡਾ. ਅਮਨਦੀਪ ਕੌਰ, ਹੈਲਥ ਵਰਕਰ ਅਮਨਦੀਪ ਕੁਮਾਰ, ਸੀ. ਐਚ. ਓ ਕਿਰਨ, ਡਾ. ਜਸਬੀਰ ਸਿੰਘ, ਡਾ. ਕੁਲਵਰਨਦੀਪ ਸਿੰਘ, ਸੀ. ਐਚ. ਓ ਸੋਨੀਆ, ਰਾਜ ਕੁਮਾਰ ਫਾਰਮੇਸੀ ਅਫ਼ਸਰ, ਹੈਲਥ ਵਰਕਰ ਸਰਬਜੀਤ ਅਤੇ ਕੁਲਵੀਰ ਰਾਮ, ਆਸ਼ਾ ਵਰਕਰ ਭੁਪਿੰਦਰ ਕੌਰ, ਨਰਿੰਦਰ, ਭਾਵਨਾ, ਆਂਗਨਵਾੜੀ ਵਰਕਰ ਅਤੇ ਆਸ਼ਾ ਫੈਸੀਲੀਟੇਟਰ ਮੌਜੂਦ ਸਨ।

### ਬੱਚਿਆਂ ਨੂੰ ਜ਼ਿੰਦਗੀ ਦੀਆਂ ਦੋ ਬੂੰਦਾਂ ਪਿਲਾਈਆਂ

ਗੁਣਾਚੌਰ, (ਅਮਰੀਕ ਕਟਾਰੀਆ) - ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ. ਐਮ. ਓ ਡਾ. ਜਤਿੰਦਰ ਸਿੰਘ ਦੀ ਅਗਵਾਈ ਹੇਠ ਪਿੰਡ ਗੁਣਾਚੌਰ ਦੇ ਸਟਾਫ਼ ਏ.ਐਨ.ਐਮ ਜਗਜੀਤ ਕੌਰ ਨੇ ਪਿੰਡ ਗੁਣਾਚੌਰ ਦੇ ਸਰਪੰਚ ਤਲਵਿੰਦਰ ਸਿੰਘ ਲੱਕੀ ਅਤੇ ਸਮੂਹ ਸਟਾਫ਼ ਦੀ ਹਾਜ਼ਰੀ 'ਚ ਨੈਸ਼ਨਲ ਪਲਸ ਪੋਲੀਓ ਪ੍ਰੋਗਰਾਮ ਦੌਰਾਨ ਪੋਲੀਓ ਦੀ ਬਿਮਾਰੀ ਨੂੰ ਜੜੋਂ ਖਤਮ ਕਰਨ ਲਈ ਪਹਿਲੇ ਦਿਨ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਦੀਆਂ ਬੂੰਦਾਂ ਪਿਲਾਈਆਂ। ਐਸ. ਐਮ. ਓ ਡਾ. ਜਤਿੰਦਰ ਸਿੰਘ ਨੇ ਦੱਸਿਆ ਕਿ 9 ਦਸੰਬਰ ਅਤੇ 10 ਦਸੰਬਰ ਨੂੰ ਵੀ ਸਿਹਤ ਕਰਮਚਾਰੀਆਂ ਵੱਲੋਂ ਘਰ-ਘਰ ਜਾਕੇ ਬਾਕੀ ਰਹਿੰਦੇ ਬੱਚੇ, ਡੇਰਿਆਂ, ਝੁੱਗੀਆਂ ਅਤੇ ਭੱਠੇ ਆਦਿ 'ਤੇ ਰਹਿੰਦੀ ਲੇਬਰ ਦੇ ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਦੀਆਂ ਬੂੰਦਾਂ ਪਿਆਈਆਂ ਜਾਣਗੀਆਂ।

### ਸੀ. ਐਚ. ਸੀ ਸੜੋਆ ਵਿਖੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ

ਸੜੋਆ, (ਸਹੂੰਗੜਾ) - ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੀਆਂ ਹਦਾਇਤਾਂ ਅਨੁਸਾਰ ਤੇ ਸੀ. ਐਚ. ਸੀ ਸੜੋਆ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਗੁਰਿੰਦਰਜੀਤ ਸਿੰਘ ਦੀ ਅਗਵਾਈ ਹੇਠ 0 ਤੋਂ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਡਾਕਟਰ ਨੇ ਕਿਹਾ ਕਿ ਬਲਾਕ ਦੇ ਵੱਖ-ਵੱਖ ਬੂਥਾਂ 'ਤੇ 76 ਟੀਮਾਂ ਕੰਮ ਕਰ ਰਹੀਆਂ ਹਨ। ਇਸੇ ਤਰ੍ਹਾਂ ਪਿੰਡ ਸਹੂੰਗੜਾ ਦੇ ਸਬ ਸੈਂਟਰ 'ਚ ਛੋਟੇ ਬੱਚਿਆਂ ਨੂੰ ਦਵਾਈ ਸ. ਹਰਭਜਨ ਸਿੰਘ ਸਰਪੰਚ ਵਲੋਂ ਪਿਲਾਈ ਗਈ। ਹੋਰਨਾਂ ਤੋਂ ਇਲਾਵਾ ਗੁਰਕ੍ਰਿਪਾਲ ਸਿੰਘ ਸੰਧੂ, ਨਿਸ਼ਾ ਏ. ਐਨ. ਐਮ, ਆਸ਼ਾ ਰਾਣੀ ਐਲ. ਐਚ. ਵੀ, ਸਰੋਜ ਰਾਣੀ ਆਸ਼ਾ ਵਰਕਰ, ਕੰਚਨ ਤੇ ਨੇਹਾ, ਬਲਜਿੰਦਰ ਕੌਰ ਆਂਗਣਵਾੜੀ ਵਰਕਰ, ਰਜਨੀ ਦੇਵੀ ਏ. ਐਸ. ਐਮ, ਗੁਰਪਾਲ ਕੌਰ ਆਸ਼ਾ ਵਰਕਰ, ਅਮਨਦੀਪ ਕੌਰ ਤੇ ਜਸਵਿੰਦਰ ਕੌਰ ਆਂਗਣਵਾੜੀ ਵਰਕਰ ਤੇ ਹੋਰ ਹਾਜ਼ਰ ਸਨ।



ਕੁਟੀਆ ਸਾਹਿਬ ਸ੍ਰੀ ਅਨੁਭਵ ਧਾਮ ਨਾਨੋਵਾਲ ਵਿਖੇ ਸਤਿਗੁਰੂ ਦਾਸਾ ਨੰਦ ਮਹਾਰਾਜ ਭੂਰੀ ਵਾਲਿਆਂ ਦੀ ਦੂਜੀ ਬਰਸੀ ਮੌਕੇ ਮਹੰਤ ਦਇਆ ਸਾਗਰ ਪੀਠਾਧੀਸ਼ਵਰ ਛੁਡਾਣੀ ਧਾਮ, ਅਚਾਰੀਆ ਨਮਰਤਾ ਨੰਦ ਮਹਾਰਾਜ ਅਤੇ ਨਾਲ ਹੋਰ ਸੰਤ ਮਹਾਂਪੁਰਸ਼। ਤਸਵੀਰ : ਨਰੇਸ਼ ਧੌਲ

## ਅਨੁਭਵ ਧਾਮ ਨਾਨੋਵਾਲ ਵਿਖੇ ਸਤਿਗੁਰੂ ਦਾਸਾ ਨੰਦ ਮਹਾਰਾਜ ਭੂਰੀ ਵਾਲਿਆਂ ਦੀ ਦੂਸਰੀ ਬਰਸੀ ਮਨਾਈ

ਬਲਾਚੌਰ, 8 ਦਸੰਬਰ (ਨਰੇਸ਼ ਧੌਲ) - ਭੂਰੀ ਵਾਲੇ ਗਰੀਬਦਾਸੀ ਭੇਖ ਦੇ ਅਨਮੋਲ ਰਤਨ ਸਤਿਗੁਰੂ ਗੰਗਾ ਨੰਦ ਮਹਾਰਾਜ ਦੇ ਚੌਥੇ ਗੱਦੀਨਸ਼ੀਨ ਸਤਿਗੁਰੂ ਦਾਸਾ ਨੰਦ ਮਹਾਰਾਜ ਭੂਰੀ ਵਾਲਿਆਂ ਦੀ ਦੂਸਰੀ ਬਰਸੀ ਮੌਜੂਦਾ ਗੱਦੀਨਸ਼ੀਨ ਅਚਾਰੀਆ ਨਮਰਤਾ ਨੰਦ ਮਹਾਰਾਜ ਭੂਰੀ ਵਾਲਿਆਂ ਦੀ ਸਰਪ੍ਰਸਤੀ ਹੇਠ ਸਮੂਹ ਸੰਗਤਾਂ ਵਲੋਂ ਅਨੁਭਵ ਧਾਮ ਨਾਨੋਵਾਲ ਵਿਖੇ ਬੜੀ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਈ ਗਈ। ਸਮਾਗਮ ਦੇ ਪਹਿਲੇ ਦਿਨ ਸਤਿਗੁਰ ਦਾਸਾ ਨੰਦ ਮਹਾਰਾਜ ਦੀ ਮੂਰਤੀ ਸਥਾਪਨਾ ਕੀਤੀ ਗਈ। ਦੱਸਣਯੋਗ ਹੈ ਕਿ ਇਸ ਮੂਰਤੀ ਦੀ ਸਥਾਪਤੀ ਦੇ ਸਬੰਧ 'ਚ ਤਿੰਨ ਦਿਨ ਪੂਜਾ ਪਾਠ ਹਲਕਾ ਵਿਧਾਇਕਾ ਬਲਾਚੌਰ ਬੀਬੀ ਸੰਤੋਸ਼ ਕਟਾਰੀਆ ਵਲੋਂ ਹਾਜ਼ਰ ਰਹਿ ਕੇ ਕਰਵਾਈ ਗਈ ਜਦਕਿ ਮੂਰਤੀ ਵੀ ਬੀਬੀ ਕਟਾਰੀਆ ਵਲੋਂ ਦਾਨ ਕੀਤੀ ਗਈ ਤੇ ਸਮਾਗਮ ਦੇ ਆਖਰੀ ਦਿਨ ਹਵਨ ਪੂਜਾ ਉਪਰੰਤ ਜਗਤਗੁਰੂ ਅਚਾਰੀਆ ਗਰੀਬਦਾਸ ਮਹਾਰਾਜ ਦੀ ਅੰਮ੍ਰਿਤਮਈ ਗੁਰਬਾਣੀ ਦੇ ਭੋਗ ਮਹੰਤ ਦਇਆ ਸਾਗਰ ਛੁਡਾਣੀ ਧਾਮ ਵਾਲਿਆਂ ਵਲੋਂ ਪਾਏ ਗਏ। ਇਸ ਦੌਰਾਨ ਮਹੰਤ ਦਇਆ ਸਾਗਰ ਨੇ ਇਕੱਤਰ ਸੰਗਤਾਂ ਨੂੰ ਆਪਣੇ ਪ੍ਰਵਚਨਾਂ 'ਚ ਕਿਹਾ ਕਿ ਸਵਾਮੀ ਦਾਸਾ ਨੰਦ ਮਹਾਰਾਜ ਸਾਦਗੀ, ਨਿਮਰਤਾ, ਤਿਆਗੀ ਤੇ ਪਰਉਪਕਾਰੀ ਮਹਾਂਪੁਰਸ਼ ਸਨ। ਉਨ੍ਹਾਂ ਕਿਹਾ ਕਿ ਮਹਾਰਾਜ ਦਾਸਾ ਨੰਦ ਭੂਰੀ ਵਾਲਿਆਂ ਦੇ ਜਲਦੀ ਜਾਣ ਨਾਲ ਭੂਰੀ ਵਾਲੇ ਭੇਖ ਨੂੰ ਕਦੀ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਾਨੂੰ ਸਾਰਿਆਂ ਨੂੰ ਉਨ੍ਹਾਂ ਵਲੋਂ ਕੀਤੇ ਗਏ ਕਾਰਜ ਅੱਗੇ ਵਧਾਉਣ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਦੀ ਲੋੜ ਹੈ। ਉਨ੍ਹਾਂ ਸੰਗਤਾਂ ਨੂੰ ਕਿਹਾ ਕਿ ਇਸ ਗੱਦੀ 'ਤੇ ਬਿਰਾਜਮਾਨ ਅਚਾਰੀਆ ਨਮਰਤਾ ਨੰਦ ਮਹਾਰਾਜ ਭੂਰੀ ਵਾਲੇ ਵੀ ਸਹੀ ਤਰੀਕੇ ਨਾਲ ਭੇਖ ਦੀ ਸੇਵਾ ਕਰ ਰਹੇ ਹਨ। ਬਰਸੀ ਸਮਾਗਮ ਦੌਰਾਨ ਸਵਾਮੀ ਪ੍ਰਕਾਸ਼ਾ ਨੰਦ ਮਹਾਰਾਜ ਰਾਮ ਮੰਦਰ ਮੱਖੂਪੁਰ, ਪ੍ਰੀਤੀ ਮਹੰਤ ਕਨੈਲ, ਸਵਾਮੀ ਅਮੋਲਕਾ ਨੰਦ ਝੱਜ, ਸਵਾਮੀ ਰਾਮ ਜੀ, ਸਵਾਮੀ ਸਹਿਜ ਦਾਸ, ਸਵਾਮੀ ਅਜਰਾ ਨੰਦ, ਸਵਾਮੀ ਰਾਮਾ ਨੰਦ ਨਵਾਂਸ਼ਹਿਰ, ਸਵਾਮੀ ਪਾਲਾ ਨੰਦ, ਸਵਾਮੀ ਸਦਾ ਨੰਦ, ਸਵਾਮੀ ਰਾਮਜੀ ਬਲਾਚੌਰ, ਬੀਬੀ ਸੰਤੋਸ਼ ਕਟਾਰੀਆ ਹਲਕਾ ਵਿਧਾਇਕਾ ਬਲਾਚੌਰ, ਅਜੈ ਮੰਗੂਪੁਰ ਜ਼ਿਲ੍ਹਾ ਪ੍ਰਧਾਨ, ਚੌਧਰੀ ਰਾਜੂ ਬੂੰਗੜੀ ਜਨਰਲ ਸਕੱਤਰ ਕਾਂਗਰਸ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਯੂਥ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਹਨੀ ਟੌਂਸਾ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਨੇ ਧਾਮ ਵਿਖੇ ਨਤਮਸਤਕ ਹੋ ਕੇ ਸਤਿਗੁਰੂ ਦਾਸਾ ਨੰਦ ਮਹਾਰਾਜ ਨੂੰ ਸ਼ਰਧਾ ਅਤੇ ਸਤਿਕਾਰ ਭੇਂਟ ਕੀਤਾ। ਸਮਾਗਮ ਦੇ ਅੰਤ 'ਚ ਮੌਜੂਦਾ ਗੱਦੀਨਸ਼ੀਨ ਅਚਾਰੀਆ ਨਮਰਤਾ ਨੰਦ ਮਹਾਰਾਜ ਨੇ ਜਿੱਥੇ ਆਪਣੇ ਪੂਜਯ ਗੁਰੂਦੇਵ ਮਹਾਰਾਜ ਦੀ ਪਵਿੱਤਰ ਜੀਵਨੀ ਬਾਰੇ ਚਾਨਣਾ ਪਾਇਆ। ਸਟੇਜ ਸਕੱਤਰ ਦੀ ਭੂਮਿਕਾ ਭਗਤ ਉਂਕਾਰ ਭੂੰਬਲਾ ਨਾਨੋਵਾਲ ਵਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸੰਤਾਂ ਮਹਾਂਪੁਰਸ਼ਾਂ, ਸੇਵਾਦਾਰਾਂ ਅਤੇ ਪ੍ਰਬੰਧਕਾਂ ਤੋ ਇਲਾਵਾ ਇਲਾਕੇ ਭਰ ਦੀਆਂ ਸੰਗਤਾਂ ਹਾਜ਼ਰ ਸਨ।



ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜਾਣ ਮੌਕੇ ਖੋਥੜਾਂ ਦੇ ਪੰਚਾਇਤ ਮੈਂਬਰ ਅਤੇ ਪ੍ਰਮੁੱਖ ਸ਼ਖ਼ਸੀਅਤਾਂ। ਤਸਵੀਰ : ਸੰਦੀਪ ਸਿੰਘ

### ਜਨਮ ਦਿਨ ਮੁਬਾਰਕ



ਰਿਧਿਮਾ ਬੰਗੜ
ਪਿਤਾ : ਰਮਨਪ੍ਰੀਤ ਬੰਗਾ
ਮਾਤਾ : ਕਮਲਜੀਤ ਕੌਰ
ਪਿੰਡ : ਕਿਸ਼ਨਪੁਰਾ



ਅਵਲੀਨ ਕੌਰ
ਮਾਤਾ : ਸੋਫੀਆ
ਪਿਤਾ : ਗੁਰਮੀਤ ਸਿੰਘ
ਪਿੰਡ : ਜੈਠੂਵਾਲ
ਜ਼ਿਲ੍ਹਾ : ਅੰਮ੍ਰਿਤਸਰ



ਇਸ਼ਮੀਤ ਕੌਰ
ਪਿਤਾ - ਹਰਪ੍ਰੀਤ
ਮਾਤਾ - ਅਮਨਦੀਪ ਕੌਰ
ਪਿੰਡ - ਚੂਹੜਪੁਰ



ਚੌਧਰੀ ਅਨਹਦ ਭੂੰਬਲਾ
ਪਿਤਾ - ਹਰਪ੍ਰੀਤ ਭੂੰਬਲਾ
ਮਾਤਾ - ਜੋਤੀ ਭੂੰਬਲਾ
ਪਿੰਡ - ਕੁੱਕੜਸੂਹਾਂ (ਲੁਧਿਆਣਾ)

## ਸਰਬੱਤ ਦਾ ਭਲਾ ਟਰੱਸਟ ਵਲੋਂ ਲਸਾੜਾ ਵਿਖੇ ਅੱਖਾਂ ਦਾ ਕੈਂਪ ਕੱਲ੍ਹ

ਉੜਾਪੜ/ਲਸਾੜਾ, 8 ਦਸੰਬਰ (ਲਖਵੀਰ ਸਿੰਘ ਖੁਰਦ) - ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ 10 ਦਸੰਬਰ ਦਿਨ ਮੰਗਲਵਾਰ ਨੂੰ ਲਸਾੜਾ ਦੇ ਸੰਜੋਗ ਪੈਲੇਸ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਅੱਖਾਂ ਦਾ ਕੈਂਪ ਲਗਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਸਟੂਡੈਂਟ ਵੈਲਫੇਅਰ ਤੇ ਚੈਰੀਟੇਬਲ ਟਰੱਸਟ ਲਸਾੜਾ ਦੇ ਸਕੱਤਰ ਜਗੀਰ ਸਿੰਘ ਨੇ ਦੱਸਿਆ ਕਿ ਇਸ ਕੈਂਪ 'ਚ ਅੱਖਾਂ ਦੇ ਮਾਹਰ ਡਾ. ਅਮਨਦੀਪ ਸਿੰਘ ਅਰੋੜਾ ਆਈ ਹਸਪਤਾਲ ਅਤੇ ਰੈਟੀਨਾ ਸੈਂਟਰ ਜਲੰਧਰ ਦੀ ਪੂਰੀ ਟੀਮ ਵਲੋਂ ਅੱਖਾਂ ਚੈੱਕ ਕੀਤੀਆਂ ਜਾਣਗੀਆਂ। ਜਿਨ੍ਹਾਂ 'ਚ ਲੋੜਵੰਦ ਮਰੀਜਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਹੋਣਗੇ ਅਤੇ ਬਾਕੀਆਂ ਨੂੰ ਦਵਾਈਆਂ ਤੇ ਨੇੜੇ ਦੀਆਂ ਐਨਕਾਂ ਮੁਫ਼ਤ ਦਿੱਤੀਆਂ ਜਾਣਗੀਆਂ। ਇਸ ਕੈਂਪ ਦੀ ਸ਼ੁਰੂਆਤ ਕਰਾਉਣ ਲਈ ਟਰੱਸਟ ਦੇ ਸਲਾਹਕਾਰ ਅਤੇ ਅਦਾਰਾ ਅਜੀਤ ਦੇ ਸਹਿ ਸੰਪਾਦਕ ਸਤਨਾਮ ਸਿੰਘ ਮਾਣਕ, ਦੁਆਬਾ ਜੋਨ ਦੇ ਇੰਚਾਰਜ ਅਮਰਜੋਤ ਸਿੰਘ ਵੀ ਉਚੇਚੇ ਤੌਰ 'ਤੇ ਪਹੁੰਚਣਗੇ।



ਸੱਲ੍ਹਾਂ ਵਿਖੇ ਪੋਲੀਓ ਰੋਕੂ ਬੂੰਦਾਂ ਪਿਲਾਉਣ ਦੀ ਸ਼ੁਰੂਆਤ ਕਰਦੇ ਹੋਏ ਸਰਪੰਚ ਹਰਪ੍ਰੀਤ ਕੁਮਾਰ ਨਾਲ ਸਟਾਫ਼।

## ਪਿੰਡ ਸੱਲ੍ਹਾਂ 'ਚ ਪਲਸ ਪੋਲੀਓ ਮੁਹਿੰਮ ਤਹਿਤ ਪਿਲਾਈ ਦਵਾਈ

ਬੰਗਾ, 8 ਦਸੰਬਰ (ਕੁਲਦੀਪ ਸਿੰਘ ਪਾਬਲਾ) - ਡਾ. ਜਸਪ੍ਰੀਤ ਕੌਰ ਸਿਵਲ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਡਾ. ਜਸਵਿੰਦਰ ਸਿੰਘ ਐਸ. ਐਮ. ਓ ਸਿਵਲ ਹਸਪਤਾਲ ਬੰਗਾ ਦੀ ਰਹਿਨੁਮਾਈ ਹੇਠ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਸੱਲ੍ਹ ਕਲਾਂ, ਸੱਲ੍ਹ ਖੁਰਦ ਵਿਖੇ ਪਲਸ ਪੋਲੀਓ ਮੁਹਿੰਮ ਤਹਿਤ ਦੋ ਬੂੰਦ ਜ਼ਿੰਦਗੀ ਪਿਲਾਈਆਂ ਗਈਆਂ। ਪਿੰਡ ਸੱਲ੍ਹਾ ਦੇ ਸਰਪੰਚ ਹਰਪ੍ਰੀਤ ਕੁਮਾਰ ਨੇ ਸਭ ਤੋਂ ਪਹਿਲਾਂ ਬੱਚਿਆਂ ਨੂੰ ਬੂੰਦਾਂ ਪਿਲਾਉਣ ਦੀ ਸ਼ੁਰੂਆਤ ਕੀਤੀ। ਇਸ ਮੌਕੇ ਆਸ਼ਾ ਵਰਕਰ ਕੁਲਵਿੰਦਰ ਕੌਰ, ਸਰਬਜੀਤ ਕੌਰ ਆਂਗਣਵਾੜੀ ਵਰਕਰ, ਆਂਗਣਵਾੜੀ ਹੈਲਪਰ ਕਮਲੇਸ਼ ਰਾਣੀ, ਚਰਨਜੀਤ ਸਿੰਘ ਨੰਬਰਦਾਰ, ਲੱਛਮਣ ਬੰਗਾ, ਪਰਮਜੀਤ ਕੌਰ ਆਦਿ ਹਾਜ਼ਰ ਸਨ।

### ਜਥੇ: ਬੂਟਾ ਸਿੰਘ ਅਲੀਪੁਰ ਵਲੋਂ ਸੁਖਬੀਰ 'ਤੇ ਕੀਤੇ ਗਏ ਹਮਲੇ ਦੀ ਨਿੰਦਾ

ਸਮੁੰਦੜਾ, 8 ਦਸੰਬਰ (ਤੀਰਥ ਸਿੰਘ ਰੱਕੜ) - ਬੀਤੇ ਦਿਨੀਂ ਸ੍ਰੀ ਦਰਬਾਰ ਸ ਾ ਿ ਹ ਬ ਅੰਮ੍ਰਿਤਸਰ ਵਿਖੇ ਸੇਵਾ ਨਿਭਾ ਰਹੇ ਸੁਖਬੀਰ ਸਿੰਘ ਬਾਦਲ ਸਾਬਕਾ ਉਪ ਮੁੱਖ ਮੰਤਰੀ ਪੰਜਾਬ 'ਤੇ ਇੱਕ ਵਿਅਕਤੀ ਵੱਲੋਂ ਕੀਤੇ ਗਏ ਕਾਤਲਾਨਾ ਹਮਲੇ ਦੀ ਜਥੇਦਾਰ ਬੂਟਾ ਸਿੰਘ ਅਲੀਪੁਰ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਗੜ੍ਹਸ਼ੰਕਰ ਵਲੋਂ ਕਰੜੇ ਸ਼ਬਦਾਂ ਰਾਹੀਂ ਨਿੰਦਾ ਕੀਤੀ ਗਈ ਹੈ।



## ਸ੍ਰੀ ਦਰਬਾਰ ਸਾਹਿਬ ਵਿਖੇ ਸੁਖਬੀਰ 'ਤੇ ਹੋਏ ਹਮਲੇ ਦੀ ਘਟਨਾ ਅਤਿ ਨਿੰਦਣਯੋਗ-ਬਗੀਚਾ ਸਿੰਘ ਰੱਕੜ

ਬਲਾਚੌਰ, 7 ਦਸੰਬਰ (ਨਰੇਸ਼ ਧੌਲ) - ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲਗਾਈ ਗਈ ਧਾਰਮਿਕ ਤਨਖ਼ਾਹ ਦੀ ਪਾਲਣਾ ਕਰਦੇ ਹੋਏ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹੋਏ ਜਾਨਲੇਵਾ ਹਮਲੇ ਦੀ ਘਟਨਾ ਅਤਿ ਨਿੰਦਣਯੋਗ ਸਾਬਤ ਹੋ ਰਹੀ ਹੈ। ਇਹ ਪ੍ਰਗਟਾਵਾ ਮੁਲਾਜ਼ਮ ਆਗੂ ਬਗੀਚਾ ਸਿੰਘ ਰੱਕੜ ਪਿੰਡ ਮੌਜੋਵਾਲ ਮਜਾਰਾ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਰਬ ਉੱਚ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਰੇਆਮ ਅਜਿਹੀ ਘਟਨਾ ਦਾ ਵਾਪਰ ਜਾਣਾ ਸਰਕਾਰ ਅਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਵੀ ਪ੍ਰਸ਼ਨ-ਚਿੰਨ੍ਹ ਲਗਾਉਂਦਾ ਹੈ।



ਮੁਲਾਜ਼ਮ ਆਗੂ ਬਗੀਚਾ ਸਿੰਘ ਰੱਕੜ।

## ਬਲਾਚੌਰ ਵਿਖੇ ਸੇਵਾ ਮੁਕਤ ਪਟਵਾਰੀਆਂ ਅਤੇ ਕਾਨੂੰਗੋਆਂ ਵਲੋਂ ਕੀਤੀ ਗਈ ਵਿਸ਼ੇਸ਼ ਮੀਟਿੰਗ

ਬਲਾਚੌਰ, 8 ਦਸੰਬਰ (ਨਰੇਸ਼ ਧੌਲ) - ਸੇਵਾ ਮੁਕਤ ਪਟਵਾਰੀਆਂ ਅਤੇ ਕਾਨੂੰਗੋਆਂ ਦੀ ਵਿਸ਼ੇਸ਼ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਗਿਆਨ ਸਿੰਘ ਦੀ ਪ੍ਰਧਾਨਗੀ ਹੇਠ ਬਲਾਚੌਰ ਵਿਖੇ ਹੋਈ। ਜਿਸ 'ਚ ਜਥੇਬੰਦੀ ਦੇ ਸਮੂਹ ਮੈਂਬਰਾਂ ਵੱਲੋਂ ਵਿਚਾਰ ਵਟਾਂਦਰੇ ਕੀਤੇ ਗਏ ਅਤੇ ਜਥੇਬੰਦੀਆਂ ਦੀਆਂ ਮੰਗਾਂ 'ਤੇ ਚਾਨਣਾ ਪਾਇਆ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਗਿਆਨ ਸਿੰਘ ਭਨੂੰ ਨੇ ਆਖਿਆ ਕਿ ਕੇਂਦਰ ਸਰਕਾਰ ਚੰਡੀਗੜ੍ਹ ਪ੍ਰਸ਼ਾਸਨ, ਹਰਿਆਣਾ ਸਰਕਾਰ ਅਤੇ ਰਾਜਸਥਾਨ ਸਰਕਾਰ ਦੇ ਲੱਖਾਂ ਮੁਲਾਜ਼ਮ ਤੇ ਪੈਨਸ਼ਨਰ 53 ਫ਼ੀਸਦੀ ਮਹਿੰਗਾਈ ਭੱਤਾ ਲੈ ਰਹੇ ਹਨ ਪਰ ਪੰਜਾਬ ਸਰਕਾਰ ਨੇ ਰੋ ਪਿੱਟ ਕੇ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 2024 ਦੀ ਤਨਖ਼ਾਹ ਅਤੇ ਪੈਨਸ਼ਨ ਦੇ ਨਾਲ-ਨਾਲ 38 ਫ਼ੀਸਦੀ ਤੋਂ 42 ਫ਼ੀਸਦੀ ਡੀ.ਏ ਦਿੱਤਾ ਹੈ। ਜਦ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਡੀ.ਏ 15 ਫ਼ੀਸਦੀ ਬਣਦਾ ਸੀ। ਉਨ੍ਹਾਂ ਦੱਸਿਆ ਕਿ ਵਿੱਤ ਵਿਭਾਗ ਵਲੋਂ ਜਾਰੀ ਕੀਤੇ ਪੱਤਰ ਅਨੁਸਾਰ ਇਸੇ ਡੀ. ਏ ਦਾ ਇਕ ਜਨਵਰੀ ਦਾ ਬਣਦਾ ਬਕਾਇਆ ਵੀ ਉਸ ਖੂਹ 'ਚ ਸੁੱਟ ਦਿੱਤਾ ਹੈ। ਜਿਸ ਖੂਹ 'ਚ ਅਕਾਲੀ ਭਾਜਪਾ ਗੱਠਜੋੜ ਸਰਕਾਰਾਂ ਸਮੇਂ ਦੇ 16 ਮਹੀਨਿਆਂ ਦਾ ਅਤੇ ਕਾਂਗਰਸ ਪਾਰਟੀ ਦੇ ਰਾਜ ਸਮੇਂ 155 ਮਹੀਨਿਆਂ ਦਾ ਅਤੇ ਆਮ ਆਦਮੀ ਪਾਰਟੀ ਦੇ ਰਾਜ ਭਾਗ ਸਮੇਤ 96 ਮਹੀਨਿਆਂ ਦਾ ਭਾਵ ਕੁੱਲ ਮਿਲਾ ਕੇ 267 ਮਹੀਨਿਆਂ ਦਾ ਬਣਦਾ ਬਕਾਇਆ ਪਹਿਲਾਂ ਹੀ ਇਸੇ ਖੂਹ 'ਚ ਡਿੱਗਿਆ ਪਿਆ ਹੈ। ਉਨ੍ਹਾਂ ਆਖਿਆ ਕਿ ਲੋਕ ਅਤੇ ਮੁਲਾਜ਼ਮ ਹਿਤੈਸ਼ੀ ਅਖਵਾਉਣ ਵਾਲੀ ਆਪ ਸਰਕਾਰ ਵੀ ਹੁਣ ਦੂਜੀਆਂ ਪਾਰਟੀਆਂ ਦੇ ਰਾਹ ਤੁਰ ਪਈ ਹੈ। ਇਸ ਮੀਟਿੰਗ 'ਚ ਗੁਰਨੇਕ ਸ਼ੇਰ, ਮਦਨ ਲਾਲ ਬੇਗਮਪੁਰੀ, ਜਨਕ ਰਾਜ, ਸੁਰਿੰਦਰ ਕੁਮਾਰ, ਕੁਲਵਿੰਦਰ ਸਿੰਘ, ਹਰਚਰਨਜੀਤ ਸਿੰਘ, ਪਿਆਰਾ ਰਾਮ, ਸੋਮ ਨਾਥ, ਮਨੋਹਰ ਲਾਲ ਅਤੇ ਹੋਰ ਵੱਖ-ਵੱਖ ਸ਼ਖ਼ਸੀਅਤਾਂ ਹਾਜ਼ਰ ਸਨ।


ਸੰਪਾਦਕ-ਰਾਜਿੰਦਰ ਸਿੰਘ। ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼, ਲਿੱਧੜਾਂ, ਜਲੰਧਰ ਤੋਂ ਛਪਵਾ ਕੇ ਨਹਿਰੂ ਗਾਰਡਨ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: 7107/59

Editor- Rajinder Singh. Printer, Publisher and Secretary Parkash Kaur Hamdard. Printed for Sadhu Singh Hamdard Trust at Daily Ajit Printers, Lidhran, Jalandhar and Published from Nehru Garden Road, Jalandhar
RNI Regd. No:- 7107/59